# ਹਮੇਸ਼ਾਂ ਲਈ ਰਹਿਣਗੇ ਸਾਡੇ ਭਾਅ ਜੀ ਗੁਰਸ਼ਰਨ ਸਿੰਘ

ਅਵਤਾਰ ਲੰਗੇਰੀ


ਜਦੋਂ ਵੀ ਕੋਈ ਨੌਜਵਾਨ 30-35 ਵਰ੍ਹੇ ਪੂਰੇ ਕਰਦਾ ਹੈ ਤਾਂ ਬੱਚੇ ਉਸ ਨੂੰ ਭਾਅ ਜੀ ਨਹੀਂ ਸਗੋਂ ਅੰਕਲ ਕਹਿਣ ਲੱਗਦੇ ਹਨ। 50-60 ਦਰਮਿਆਨ ਪਹੁੰਚਣ 'ਤੇ ਲੋਕ ਉਸ ਨੂੰ ਭਾਈਆ ਜਾਂ ਬਾਬਾ ਆਖ ਕੇ ਸੰਬੋਧਨ ਹੁੰਦੇ ਹਨ। ਜਿਉਂ-ਜਿਉਂ ਉਮਰ ਵਧਦੀ ਹੈ ਉਸ ਦੇ ਨਾਲ-ਨਾਲ ਹੀ ਭਾਅ ਜੀ ਤੋਂ ਅੰਕਲ, ਭਾਈਆ ਜਾਂ ਬਾਬਾ ਤੱਕ ਪਹੁੰਚਦਾ ਹੈ ਪਰ ਅੱਜ ਮੈਂ ਜਿਸ ਸ਼ਖ਼ਸੀਅਤ ਬਾਰੇ ਗੱਲ ਕਰਨ ਜਾ ਰਿਹਾ ਹਾਂ ਉਹ 82 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਵੀ ਲੋਕਾਂ ਦੇ ਭਾਅ ਜੀ ਹੀ ਰਹੇ ਅਤੇ ਉਦੋਂ ਤੱਕ ਰਹਿਣਗੇ ਜਦੋਂ ਤੱਕ ਲੋਕ ਜਾਗਦੇ ਰਹਿਣਗੇ। ਇਹ ਮਾਣ ਕੇਵਲ ਜੂਝ ਰਹੇ ਲੋਕ-ਮਨਾਂ ਤੇ ਉੱਕਰੀ ਹੋਈ ਸ਼ਖ਼ਸੀਅਤ ਭਾਅ ਜੀ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਨੂੰ ਹੀ ਜਾਂਦਾ ਹੈ। ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਨੂੰ ਜਦੋਂ ਵੀ ਅਸੀਂ ਚੇਤੇ ਕਰਦੇ ਹਾਂ ਤਾਂ ਉਸ ਦੀ 24 ਸਾਲ ਦੀ ਤਸਵੀਰ ਇਕਦਮ ਅੱਖਾਂ ਸਾਹਮਣੇ ਆਉਂਦੀ ਹੈ। ਜਦੋਂ ਤੱਕ ਵੀ ਇਹ ਕਾਇਨਾਤ ਰਹੇਗੀ ਭਗਤ ਸਿੰਘ ਸਦਾ ਭਰ ਜੁਆਨ ਗੱਭਰੂ ਹੀ ਨਜ਼ਰੀਂ ਪਏਗਾ ਅਤੇ ਭਾਅ ਜੀ ਗੁਰਸ਼ਰਨ ਸਿੰਘ ਹਮੇਸ਼ਾਂ-ਹਮੇਸ਼ਾਂ ਲਈ 'ਭਾਅ ਜੀ' ਹੀ ਰਹਿਣਗੇ। ਭਾਅ ਜੀ ਦੇ ਜਿਸਮਾਨੀ ਤੌਰ 'ਤੇ ਜੁਦਾ ਹੋਣ ਤੋਂ ਅੱਜ ਤੱਕ ਉਨ੍ਹਾਂ ਸਬੰਧੀ ਅੱਜ ਤੱਕ ਲਗਾਤਾਰ ਬਹੁਤ ਹੀ ਖੋਜ ਭਰਪੂਰ, ਲੋਕ-ਦਿਲਾਂ ਨੂੰ ਧੂਹ ਪਾਉਣ ਵਾਲੇ ਅਤੇ ਲੋਕਾਈ ਨੂੰ ਹੱਕ ਸੱਚ ਤੇ ਇਨਸਾਫ਼ ਲਈ ਮਘਦੇ ਰੰਗਮੰਚ ਦੇ ਸੂਹੇ ਸੂਰਜ ਦੀ ਰੋਸ਼ਨੀ ਨੂੰ ਆਪਣੇ ਦਿਲਾਂ ਵਿਚ ਜਗਦੀ ਰੱਖਣ ਹਿੱਤ ਲੇਖ, ਕਵਿਤਾਵਾਂ ਅਤੇ ਨਾਟਕਾਂ ਦਾ ਸਿਲਸਿਲਾ ਜਾਰੀ ਹੈ। ਪ੍ਰੰਤੂ ਮੈਂ ਤਾਂ ਇਸ ਲੇਖ ਰਾਹੀਂ ਭਾਅ ਜੀ ਗੁਰਸ਼ਰਨ ਸਿੰਘ ਨਾਲ ਹੋਈਆਂ ਬਹੁਤ ਹੀ ਹਲਕੀਆਂ-ਫੁਲਕੀਆਂ ਗੱਲਾਂ ਦਾ ਜ਼ਿਕਰ ਹੀ ਕਰਾਂਗਾ ਜਿਨ੍ਹਾਂ ਨੇ ਮੇਰੀ ਅਤੇ ਮੇਰੇ ਜਿਹੇ ਛੋਟੇ ਬਾਲ ਕਲਾਕਾਰਾਂ ਦੀ ਹਨੇਰੀ ਜ਼ਿੰਦਗੀ ਨੂੰ ਰੌਸ਼ਨ ਕਰਕੇ ਸਾਡੀ ਜ਼ਿੰਦਗੀ ਦਾ ਰਸਤਾ ਹੀ ਬਦਲ ਦਿੱਤਾ। ਮੈਂ ਇਹ ਦਾਅਵੇ ਨਾਲ ਕਹਿ ਸਕਦਾਂ ਕਿ ਜੇਕਰ ਮੈਂ ਗੁਰਸ਼ਰਨ ਭਾਅ ਜੀ ਦੀ ਸੰਗਤ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਰਾਹੀਂ ਨਾ ਮਾਣਿਆ ਹੁੰਦਾ ਤਾਂ ਸ਼ਾਇਦ ਇਕ ਤਕੜਾ ਨਸ਼ੱਈ ਅਤੇ ਭਟਕਣਾ ਦਾ ਸ਼ਿਕਾਰ ਹੋਇਆ ਪਤਾ ਨਹੀਂ ਕਿਸ ਅੰਨ੍ਹੀ ਗਲੀ ਵਿਚ ਧੱਸ ਜਾਂਦਾ, ਜਿਥੋਂ ਨਿਕਲਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੀ ਹੁੰਦਾ ਹੈ। ਤੇ ਫਿਰ ਮੈਂ ਕੀੜਿਆਂ-ਮਕੌੜਿਆਂ ਵਾਂਗ ਆਪਣੀ ਨਰਕ ਭਰੀ ਜ਼ਿੰਦਗੀ ਖ਼ਤਮ ਕਰ ਗਿਆ ਹੁੰਦਾ।


"ਅਸੀਂ ਆਪਣੇ ਪਿੰਡ ਵੀ ਪ੍ਰੋਗਰਾਮ ਕਰਾਉਣਾ ਚਾਹੁੰਦੇ ਹਾਂ, ਬਾਈ ਭਲਾ ਕਿੰਨੇ ਕੁ ਪੈਸੇ ਖਰਚ ਕਰਾਉਣਗੇ, ਭਾਅ ਜੀ ਦੇ ਨਾਟਕ ਕਰਾਉਣ 'ਤੇ।" ਮੈਂ ਕਿਸੇ ਦਾ ਇਹੀ ਸੁਆਲ ਜਦ ਭਾਅ ਜੀ ਮੂਹਰੇ ਰੱਖਦਾ ਤਾਂ ਭਾਅ ਜੀ ਦਾ ਹਮੇਸ਼ਾਂ ਇਹੀ ਜੁਆਬ ਹੁੰਦਾ ਕਿ ਮੈਨੂੰ ਲੋਕ

ਚਾਹੀਦੇ, ਮੈਂ ਲੋਕਾਂ ਦਾ ਇਕੱਠ ਚਾਹੁੰਨੈਂ? ਪੈਸੇ ਜਿੰਨੇ ਦੇ ਸਕਨੇ ਓ ਦੇ ਛੱਡਣਾ, ਜੇਕਰ ਨਹੀਂ ਦੇ ਸਕਦੇ ਤਾਂ ਵੀ ਕੋਈ ਨਹੀਂ, ਮੈਂ ਬਾਹਰ ਤੋਂ ਪੈਸੇ ਲਿਆਇਆਂ ਲੋਕਾਂ ਲਈ। ਤੁਸੀਂ ਇਕੱਠੇ ਹੋਵੋ, ਪ੍ਰੋਗਰਾਮ ਰੱਖੋ, ਮੈਂ ਲੋਕਾਂ ਨੂੰ ਸਮਾਜਿਕ ਬਰਾਬਰੀ ਲਈ ਲੜਦੇ ਰਹਿਣ ਲਈ ਨਾਟਕ ਕਰਦਾਂ, ਪੈਸਿਆਂ ਖ਼ਾਤਰ ਨਹੀਂ। ਇਨ੍ਹਾਂ ਗੱਲਾਂ ਦੇ ਅਰਥ ਸਪੱਸ਼ਟ ਹਨ ਕਿ ਭਾਅ ਜੀ ਦੇ ਮਨ ਅੰਦਰ ਲੋਕਾਂ ਲਈ ਕਿੰਨਾ ਕੁ ਫ਼ਿਕਰ ਸੀ। ਜੇਕਰ ਉਹ ਚਾਹੁੰਦੇ ਤਾਂ ਅਫਸਰੀ ਦੀ ਘੁੰਮਣ ਵਾਲੀ ਕੁਰਸੀ 'ਤੇ ਬੈਠ ਕੇ ਸ਼ਾਹੀ ਠਾਠ ਨਾਲ ਆਪਣੀ ਸ਼ਾਹਾਨਾ ਜ਼ਿੰਦਗੀ ਬਿਤਾ ਸਕਦੇ ਸੀ ਪ੍ਰੰਤੂ ਉਨ੍ਹਾਂ ਕੰਡਿਆਂ ਭਰੇ ਰਸਤੇ ਦੀ ਚੋਣ ਕਰਕੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਗਦਰੀ ਸੂਰਬੀਰਾਂ ਅਤੇ ਇਨਕਲਾਬੀ ਯੋਧਿਆਂ ਦਾ ਰਸਤਾ ਅਖ਼ਤਿਆਰ ਕਰਕੇ ਇਕ ਮਿਸਾਲ ਪੈਦਾ ਕੀਤੀ ਹੈ ਕਿ ਹਰ ਵਰਗ ਵਿਚ ਭਗਤ ਸਿੰਘ ਦੇ ਵਾਰਸ ਪੈਦਾ ਹੋ ਸਕਦੇ ਹਨ।

ਉਨ੍ਹਾਂ ਸਮਿਆਂ ਨੂੰ ਯਾਦ ਕਰਕੇ ਰੌਂਗਟੇ ਖੜ੍ਹੇ ਹੁੰਦੇ ਨੇ ਜਦੋਂ ਧੀਆਂ ਨੂੰ ਘਰ ਦੀ ਚਾਰਦੀਵਾਰੀ ਤੋਂ ਬਾਹਰ ਨਿਕਲਣ 'ਤੇ ਵੀ ਪਾਬੰਦੀ ਸੀ ਅਤੇ ਔਰਤ ਨੂੰ ਕੇਵਲ "ਘਰਵਾਲੀ" ਹੀ ਸਮਝਿਆ ਜਾਂਦਾ ਸੀ ਜਿਸ ਦਾ ਕੰਮ ਆਪਣੇ ਪਤੀ ਤੇ ਪਰਿਵਾਰ ਦੀ ਸੇਵਾ ਕਰਨਾ ਅਤੇ ਘਰ ਦਾ ਝਾੜੂ-ਪੋਚਾ ਕਰਨਾ ਹੀ ਸੀ ਪ੍ਰੰਤੂ ਭਾਅ ਜੀ ਵੱਲੋਂ ਆਪਣੀਆਂ ਦੋਹਾਂ ਧੀਆਂ ਅਤੇ ਪਤਨੀ ਸਮੇਤ ਪਿੰਡ-ਪਿੰਡ ਕੀਤੇ ਗਏ ਨਾਟਕਾਂ ਨੇ ਔਰਤ ਨੂੰ ਆਜ਼ਾਦੀ ਦਾ ਰਸਤਾ ਦਿਖਾਇਆ ਕਿ ਆਦਮੀ ਦੇ ਕਰਮ-ਖੇਤਰ ਵਿਚ ਧੀਆਂ, ਭੈਣਾਂ ਅਤੇ ਔਰਤਾਂ ਦਾ ਵੀ ਬਰਾਬਰ ਦਾ ਯੋਗਦਾਨ ਹੋ ਸਕਦਾ ਹੈ। ਇਸ ਇਨਕਲਾਬੀ ਅਤੇ ਇਤਿਹਾਸਕ ਕਾਰਨਾਮੇ ਨੂੰ ਯਾਦ ਕਰਦਿਆਂ ਕੰਬਣੀ ਜ਼ਰੂਰ ਛਿੜਦੀ ਹੈ ਕਿ ਉਨ੍ਹਾਂ ਹਾਲਤਾਂ ਵਿਚ ਧੀਆਂ ਅਤੇ ਪਤਨੀ ਨੂੰ ਨਾਲ ਲੈ ਕੇ ਭਾਅ ਜੀ ਕਿਵੇਂ ਸਮਾਜ ਵਿਚ ਵਿਚਰਦੇ ਹੋਣਗੇ? ਕਿੰਨਾ ਕੁ ਵੱਡਾ ਜਿਗਰਾ ਹੋਵੇਗਾ ਜਦੋਂ ਭਾਅ ਜੀ ਅਜਿਹਾ ਇਨਕਲਾਬੀ ਕਦਮ ਪੁੱਟਦਿਆਂ ਪਿੰਡ-ਪਿੰਡ ਜਾਂਦੇ ਹੋਣਗੇ। ਰੰਗਮੰਚ ਦੇ ਮਘਦੇ ਇਨਕਲਾਬੀ ਸੂਰਜ ਨੂੰ ਇਨ੍ਹਾਂ ਕਦਮਾਂ ਸਦਕਾ "ਲਾਲ ਸਲਾਮ" ਕਹਿਣਾ ਸਾਡਾ ਫਰਜ਼ ਹੈ। ਭਾਅ ਜੀ ਵੱਲੋਂ ਪੈਦਾ ਕੀਤੀ ਮਿਸਾਲ ਨੂੰ ਦੇਖ ਕੇ ਪੰਜਾਬੀ ਰੰਗਮੰਚ ਵਿਚੋਂ ਜਿੱਥੇ ਪਹਿਲਾਂ ਔਰਤ ਦਾ ਰੋਲ ਕਰਨ ਲਈ ਮੁੰਡਿਆਂ ਨੂੰ ਔਰਤਾਂ ਦੇ ਰੂਪ ਵਿਚ ਕੰਮ ਕਰਨਾ ਪੈਂਦਾ ਸੀ ਉਥੇ ਇਕ ਇਨਕਲਾਬੀ ਤਬਦੀਲੀ ਆਈ ਅਤੇ ਜਤਿੰਦਰ ਵਰਗੀਆਂ ਕਿੰਨੀਆਂ ਹੀ ਔਰਤਾਂ ਨੇ ਪੰਜਾਬੀ ਰੰਗਮੰਚ ਨੂੰ ਅਪਣਾ ਕੇ ਉਸ ਨੂੰ ਸਿਖਰਾਂ 'ਤੇ ਪਹੁੰਚਾਇਆ। ਅੱਜ ਪੰਜਾਬ ਅੰਦਰ ਜੇਕਰ ਪੰਜਾਬੀ ਰੰਗਮੰਚ ਦਾ ਕੋਈ ਸਥਾਨ ਹੈ ਤਾਂ ਮੈਂ ਸਮਝਦਾਂ ਕਿ ਉਹ ਕੇਵਲ ਭਾਅ ਜੀ ਗੁਰਸ਼ਰਨ ਸਿੰਘ ਵੱਲੋਂ ਘਾਲੀਆਂ ਘਾਲਣਾਵਾਂ ਦਾ ਹੀ ਸਿੱਟਾ ਹੈ। ਅੱਜ ਔਰਤ ਵੱਲੋਂ ਅਦਬ ਅਤੇ ਸਤਿਕਾਰ ਨਾਲ ਰੰਗਮੰਚ ਅੰਦਰ ਕੰਮ ਕੀਤਾ ਜਾ ਰਿਹਾ ਹੈ। ਭਾਅ ਜੀ ਦੀ ਬੇਟੀ ਅਰੀਤ ਜਦੋਂ 2 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਭਾਅ ਜੀ ਦੇ ਸ਼ਰਧਾਂਜਲੀ ਸਮਾਰੋਹ ਨੂੰ ਸੰਬੋਧਿਤ ਹੋਈ ਸੀ ਤਾਂ ਉਸ ਵੱਲੋਂ ਕਹੀਆਂ ਗੱਲਾਂ ਵਿਚੋਂ ਇਕ ਇਹ ਬਹੁਤ ਹੀ ਮਹੱਤਵਪੂਰਨ ਸੀ ਕਿ ਅਸੀਂ ਤਾਂ "ਭਾਅ ਜੀ ਦੀਆਂ ਜੀਵ ਵਿਗਿਆਨਕ ਧੀਆਂ ਹਾਂ ਅਸਲ ਵਿਚ ਸਾਡਾ ਬਾਪ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੱਸਦੇ ਲੱਖਾਂ ਇਨਕਲਾਬੀ ਲੋਕਾਂ ਦੀਆਂ ਧੀਆਂ ਅਤੇ ਪੁੱਤਰਾਂ ਦਾ ਬਾਪ ਸੀ।" ਇਹ ਸੁਣਦਿਆਂ ਹਰ ਜਾਗਦੀ ਅੱਖ ਨਮ ਸੀ। ਇਸ ਗੱਲ ਦਾ ਵੀ ਕੇਵਲ ਭਾਅ ਜੀ ਗੁਰਸ਼ਰਨ ਸਿੰਘ ਨੂੰ ਹੀ ਮਾਣ


# ਭਾਅ ਜੀ ਦੀ ਸ਼ਾਬਾਸ਼ ਦਾ ਮਹੱਤਵ ਹੈ !





# ਪ੍ਰਤਿਭਾ ਦੀ ਭਾਲ ’ਚ ਮਾਹਿਲਪੁਰ





ਪ੍ਰਾਪਤ ਹੈ ਕਿ ਪੰਜਾਬੀ ਰੰਗਮੰਚ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਵਾਲੇ ਅਤੇ ਭਾਅ ਜੀ ਦੇ ਵਾਰਸਾਂ ਦੇ ਮੋਢੀ ਕੇਵਲ ਧਾਲੀਵਾਲ ਤੋਂ ਬਾਅਦ ਕੋਈ ਨੈਸ਼ਨਲ ਸਕੂਲ ਆਫ ਡਰਾਮਾ ਨਵੀਂ ਦਿੱਲੀ ਵਿਚ ਰੰਗਮੰਚ ਦੀ ਉੱਚ ਸਿੱਖਿਆ ਪ੍ਰਾਪਤ ਕਰਨ ਗਿਆ ਤਾਂ ਉਹ ਹੈ "ਅਮਨਦੀਪ ਕੌਰ ਖਹਿਰਾ" ਜੋ ਕਿ ਭਾਅ ਜੀ ਦੀ ਨਾਟਕ ਟੀਮ ਦੀ ਅਹਿਮ ਮੈਂਬਰ ਅਤੇ ਭਾਅ ਜੀ ਨਾਲ ਬਤੌਰ ਧੀਆਂ ਵਾਂਗ ਵਿਚਰਦੀ ਰਹੀ ਹੈ ਅਤੇ ਵਿਚਰਦੀ ਰਹੇਗੀ। ਭਾਅ ਜੀ ਦੇ ਚੰਡੀਗੜ੍ਹ ਸਕੂਲ ਆਫ ਡਰਾਮਾ ਵਿਚੋਂ ਸੈਂਕੜੇ ਹੀ ਕਲਾਕਾਰਾਂ ਨੇ ਰੰਗਮੰਚ ਦੀ ਸੂਝ ਲੈ ਕੇ ਆਪਣੀਆਂ ਟੋਲੀਆਂ ਸਥਾਪਤ ਕੀਤੀਆਂ ਅਤੇ ਅੱਜ ਉਹ ਪੰਜਾਬ ਅਤੇ ਦੇਸ਼ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਅੰਦਰ ਗੁਰਸ਼ਰਨ ਭਾਅ ਜੀ ਦੀ ਸੋਚ ਦਾ ਸੁਨੇਹਾ ਦੇ ਰਹੀਆਂ ਹਨ।

"ਮੈਂ ਆਵਾਂਗਾ ਮਾਹਿਲਪੁਰ ਦੇ ਖਾਲਸਾ ਕਾਲਜ ਵਿਚ ਪਰ ਉੱਥੇ ਅਵਤਾਰ ਲੰਗੇਰੀ ਅਤੇ ਵਿਜੈ ਬੰਬੇਲੀ ਨੂੰ ਬੁਲਾ ਲੈਣਾ।" ਮੈਨੂੰ ਸਵੇਰੇ ਹੀ 'ਪੰਜਾਬੀ ਟ੍ਰਿਬਿਊਨ' ਦੇ ਮਾਹਿਲਪੁਰ ਵਾਲੇ ਪੱਤਰਕਾਰ ਸ਼ਿਵ ਕੁਮਾਰ ਬਾਵਾ ਦਾ ਫ਼ੋਨ ਆਇਆ, "ਯਾਰ, ਤੁਸੀਂ ਪਰਸੋਂ ਨੂੰ ਖਾਲਸਾ ਕਾਲਜ ਮਾਹਿਲਪੁਰ ਦਸ ਵਜੇ ਪਹੁੰਚ ਜਾਣਾ, ਉੱਥੇ 'ਪੰਜਾਬੀ ਟ੍ਰਿਬਿਊਨ' ਦੇ ਨੌਜਵਾਨ ਪਾਠਕ ਲੇਖਕਾਂ ਦਾ ਸਨਮਾਨ ਸਮਾਰੋਹ ਹੈ, ਭਾਅ ਜੀ ਗੁਰਸ਼ਰਨ ਸਿੰਘ ਮੁੱਖ ਮਹਿਮਾਨ ਹੋਣਗੇ, ਹੁਣੇ ਹੀ ਸਾਨੂੰ ਚੰਡੀਗੜ੍ਹੋਂ ਸਿੱਧੂ ਦਮਦਮੀ ਦਾ ਸੁਨੇਹਾ ਆਇਆ ਕਿ ਉਨ੍ਹਾਂ ਨੂੰ ਸਾਡੇ ਵੱਲੋਂ ਭਾਅ ਜੀ ਦਾ ਸੁਨੇਹਾ ਭੇਜ ਦਿਓ।" ਅਸੀਂ ਹੈਰਾਨ ਸੀ ਕਿ ਪੰਜਾਬ ਅੰਦਰ ਸਾਡੇ ਵਰਗੇ ਕਿੰਨੇ ਹੀ ਲੋਕ ਹਨ ਜਿਹੜੇ ਕਿ ਭਾਅ ਜੀ ਦੇ ਪ੍ਰਸ਼ੰਸਕ ਨੇ ਪਰ ਉਨ੍ਹਾਂ ਵੱਲੋਂ ਸਾਨੂੰ ਵਿਸ਼ੇਸ਼ ਤੌਰ 'ਤੇ ਸੱਦੇ ਜਾਣਾ ਸਾਡੀ ਜ਼ਿੰਦਗੀ ਦੀ ਅਭੁੱਲ ਘਟਨਾ ਹੈ। ਜੇਕਰ ਕੋਈ ਇਕ ਕਦਮ ਪੁੱਟਦਾ ਹੈ ਤਾਂ ਭਾਅ ਜੀ ਦਸ ਕਦਮ ਅੱਗੇ ਹੋ ਕੇ ਮਿਲਦੇ ਸਨ। ਇਹ ਵੀ ਭਾਅ ਜੀ ਅੰਦਰ ਇਨਕਲਾਬੀ ਵਿਲੱਖਣ ਗੁਣ ਸੀ ਜਿਸ ਨੇ ਕਿ ਉਨ੍ਹਾਂ ਦੇ ਕੱਦ ਨੂੰ ਹੋਰ ਵੀ ਉੱਚਾ ਕੀਤਾ। ਜਦੋਂ ਅਸੀਂ ਭਾਅ ਜੀ ਨੂੰ ਕਾਲਜ ਅੰਦਰ ਮਿਲੇ ਤਾਂ ਉਨ੍ਹਾਂ ਕਿਹਾ ਕਿ ਅਸੀਂ ਮਿਲ ਕੇ ਕੁਝ ਕਰਨਾ ਐ, ਤੁਹਾਡਾ ਨਾਂਅ ਮੇਰੀ ਲਿਸਟ ਵਿਚ ਹੈ। ਅਸੀਂ ਸਮਾਜਿਕ ਬਰਾਬਰੀ ਦੀ ਲੜਾਈ ਨੂੰ ਤੇਜ ਕਰਨਾ ਹੈ। ਤੁਸੀਂ ਮਾਹਿਲਪੁਰ ਵਿਚ ਬੈਠੇ ਹੋ ਜਿਹੜੀ ਧਰਤੀ ਨੂੰ ਬੱਬਰ ਅਕਾਲੀਆਂ ਅਤੇ ਗਦਰੀ ਯੋਧਿਆਂ ਦੀ ਧਰਤੀ ਦਾ ਮਾਣ ਪ੍ਰਾਪਤ ਹੈ। ਮੈਨੂੰ ਤੁਹਾਡੇ ਤੋਂ ਆਸ ਹੈ ਕਿ ਤੁਸੀਂ ਕੁਝ ਕਰੋ। ਮੇਰੇ ਛੋਟੇ ਬਾਲ ਕਲਾਕਾਰਾਂ ਸਾਹਮਣੇ ਜਦੋਂ ਭਾਅ ਜੀ ਮੇਰੇ ਸਿਰ 'ਤੇ ਹੱਥ ਰੱਖ ਕੇ ਮੈਨੂੰ ਸੰਬੋਧਤ ਹੋ ਰਹੇ ਸਨ ਤਾਂ ਉਹ ਸੁਣ ਰਹੇ ਸਨ, ਸਮਝ ਰਹੇ ਸਨ ਅਤੇ ਦੇਖ ਰਹੇ ਸਨ। ਅੱਜ ਹੁਣ ਉਹ ਬਾਲ ਸਮਝਦਾਰ ਹੋ ਗਏ ਹਨ ਤਾਂ ਉਹ ਭਾਅ ਜੀ ਦੀਆਂ ਗੱਲਾਂ ਨੂੰ ਜ਼ਿਹਨ ਵਿਚ ਬਿਠਾਈ ਅਸਲ ਜ਼ਿੰਦਗੀ ਦੀ ਤਲਾਸ਼ ਵਿਚ ਜੀਵਨ-ਪੱਥ 'ਤੇ ਤੁਰ ਰਹੇ ਹਨ।

ਮੇਰੇ ਨੇੜਲੇ ਪਿੰਡ ਬਡੇਸਰੋਂ ਵਿਚ "ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ" ਕੋਰੀਓਗ੍ਰਾਫੀ ਕਰ ਰਹੇ ਬੱਚਿਆਂ ਨੂੰ ਭਾਅ ਜੀ ਨੇ ਦੇਖਿਆ। ਕੋਰੀਓਗ੍ਰਾਫੀ ਖ਼ਤਮ ਹੋਈ, ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਰੂਪ ਵਿਚ ਮੇਰਾ ਬਾਲ ਕਲਾਕਾਰ "ਬਬਲੂ" ਫਾਂਸੀ 'ਤੇ ਲਟਕਿਆ ਪਿਆ ਸੀ; ਇਹ ਦੇਖ ਭਾਅ ਜੀ ਭਾਵੁਕ ਹੋ ਉਠੇ, ਮੇਰੇ ਕੋਲੋਂ ਮਾਈਕ ਫੜਿਆ ਤੇ ਗਰਜਵੀਂ ਆਵਾਜ਼ ਵਿਚ "ਇਨਕਲਾਬ ਜ਼ਿੰਦਾਬਾਦ" ਦਾ ਨਾਅਰਾ ਲਾਉਂਦਿਆਂ ਕਿਹਾ ਕਿ ਜਦੋਂ ਬੱਚੇ ਇਸ ਗੀਤ ਵਿਚ ਕੀਤੀ ਗਈ ਵਸੀਅਤ ਦੇ ਅਰਥਾਂ ਨੂੰ ਸਮਝ ਗਏ ਹਨ

ਕਿ "ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ" ਤਾਂ ਸਮਝੋ ਅਸੀਂ ਬਰਾਬਰਤਾ ਦੀ ਚੱਲ ਰਹੀ ਲੜਾਈ ਵਿਚ ਜਿੱਤ ਵੱਲ ਨੂੰ ਵਧ ਰਹੇ ਹਾਂ। ਲੋੜ ਹੈ ਸਾਰੀਆਂ ਇਨਕਲਾਬੀ ਧਿਰਾਂ ਨੂੰ ਇਕਜੁੱਟ ਹੋ ਕੇ ਹੰਭਲਾ ਮਾਰਨ ਦੀ। ਆਪਣੀ ਗੱਲ ਮੁਕਾਉਂਦਿਆਂ ਭਾਅ ਜੀ ਨੇ ਮੈਨੂੰ ਸੰਬੋਧਤ ਹੁੰਦਿਆਂ ਕਿਹਾ ਕਿ "ਅਵਤਾਰ, ਇਸ ਵਾਰ 25 ਜਨਵਰੀ ਨੂੰ ਇਨ੍ਹਾਂ ਬਾਲ ਕਲਾਕਾਰਾਂ ਨੂੰ ਲੈ ਕੇ ਪੰਜਾਬੀ ਭਵਨ ਲੁਧਿਆਣਾ ਪਹੁੰਚਣੈਂ।" ਮੈਂ ਹੈਰਾਨ ਸੀ ਕਿ ਪੰਜਾਬੀ ਰੰਗਮੰਚ ਦਾ ਸ਼ਾਹ ਅਸਵਾਰ ਮੇਰੇ ਵਰਗੇ ਸਧਾਰਨ ਜਿਹੇ ਬੰਦੇ ਨੂੰ ਸੰਬੋਧਿਤ ਸੀ ਅਤੇ ਉਸ ਸਟੇਜ ਦਾ ਸੱਦਾ ਦੇ ਰਿਹਾ ਸੀ ਜਿੱਥੇ ਪੰਜਾਬੀ ਰੰਗਮੰਚ ਦੀਆਂ ਨਾਮਵਰ ਟੀਮਾਂ ਹੀ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਦੇ ਯੋਗ ਹੁੰਦੀਆਂ ਹਨ। ਪੰਜਾਬੀ ਭਵਨ ਦਾ ਨਾਮ ਸੁਣਦਿਆਂ ਹੀ ਮੇਰੇ ਅੰਦਰ ਲੋਹੜੇ ਦਾ ਉਤਸ਼ਾਹ ਭਰਿਆ ਅਤੇ ਮੈਂ ਭਾਅ ਜੀ ਦੇ ਸਾਹਮਣੇ ਖੜ੍ਹਾ ਸੀ ਜਿਵੇਂ ਕੋਈ ਦੇਵਤਾ ਅਰਸ਼ੋਂ ਉਤਰਿਆ ਹੋਵੇ ਅਤੇ ਆਪਣੇ ਕਿਸੇ ਸ਼ਰਧਾਲੂ ਨੂੰ ਕੋਈ ਵਰਦਾਨ ਦੇ ਰਿਹਾ ਹੋਵੇ। ਮੈਂ ਭਾਅ ਜੀ ਤੋਂ ਪੁੱਛਿਆ ਕਿ "ਭਾਅ ਜੀ, ਖਰਚ ਵੀ ਕਾਫੀ ਆ ਜਾਵੇਗਾ।" ਤਾਂ ਭਾਅ ਜੀ ਨੇ ਅੱਖਾਂ ਖੋਲ੍ਹ ਕੇ ਮੇਰੇ ਵੱਲ ਗੌਰ ਨਾਲ ਤੱਕਿਆ ਤੇ ਕਿਹਾ ਕਿ "ਮੈਂ ਹੈਗਾਂ ਨਾ, ਮੈਂ ਹੈਗਾਂ ਨਾ", ਬੱਚਿਆਂ ਲਈ ਸਭ ਕੁਝ ਹਾਜ਼ਰ ਹੋਵੇਗਾ। ਮੈਨੂੰ ਇੰਜ ਮਹਿਸੂਸ ਹੋਇਆ ਕਿ ਭਾਅ ਜੀ ਦੀ ਇਹ ਆਵਾਜ਼ "ਮੇਰੇ ਬਾਪ ਦੀ ਆਵਾਜ਼ ਹੈ।" ਜਿਸ ਵਿਚ ਹਮੇਸ਼ਾਂ ਸੱਚ ਹੀ ਹੁੰਦਾ, ਝੂਠ ਦੀ ਕੋਈ ਗੁੰਜਾਇਸ਼ ਨਹੀਂ। ਠੀਕ ਸਮੇਂ ਸਿਰ 25 ਜਨਵਰੀ ਨੂੰ ਪੰਜਾਬੀ ਭਵਨ ਲੁਧਿਆਣਾ ਪਹੁੰਚੇ। ਬੱਚਿਆਂ ਦੀ ਕਾਰਗੁਜ਼ਾਰੀ ਤੋਂ ਖੁਸ਼ ਹੋ ਕੇ ਭਾਅ ਜੀ ਨੇ 25 ਬੱਚਿਆਂ ਦੀ ਟੀਮ ਨੂੰ ਨੋਟਾਂ ਅਤੇ ਪਿਆਰ ਨਾਲ ਮਾਲਾਮਾਲ ਕਰ ਦਿੱਤਾ ਜਿਹੜਾ ਕਿ ਵਰ੍ਹਿਆਂ ਬਾਅਦ ਅੱਜ ਵੀ ਸਾਨੂੰ ਸਕੂਨ ਦੇ ਰਿਹੈ।

"ਭਾਅ ਜੀ ਮੈਂ ਤਾਂ ਅਜੇ ਇਸ ਇਲਾਕੇ ਵਿਚ ਨਵਾਂ ਹਾਂ, ਮੇਰਾ ਜਨਮ ਮਾਝੇ ਦੀ ਧਰਤੀ ਪਿੰਡ ਢੋਟੀਆਂ, ਤਰਨ ਤਾਰਨ ਦਾ ਹੈ, ਮੇਰਾ ਕਰਮ-ਖੇਤਰ ਮਾਲਵਾ ਰਿਹਾ ਤੇ ਮੈਂ ਤਾਂ ਹੁਣੇ-ਹੁਣੇ ਹੀ 1994 ਵਿਚ ਹੀ "ਲੰਗੇਰੀ" ਆਇਆ, ਮੇਰੀ ਤਾਂ ਅਜੇ ਜਾਣ-ਪਛਾਣ ਵੀ ਨਹੀਂ ਬਣੀ, ਅਸੀਂ ਕਿਸ ਤਰ੍ਹਾਂ ਲੋਕਾਂ ਕੋਲ ਜਾਈਏ ਅਤੇ ਆਪਣੀ ਗੱਲ ਰੱਖੀਏ?" ਦੇ ਜੁਆਬ ਵਿਚ ਭਾਅ ਜੀ ਨੇ ਕਿਹਾ ਕਿ ਤੁਸੀਂ ਕਲਾਕਾਰ ਹੋ, ਕਲਾਕਾਰ ਹਮੇਸ਼ਾਂ ਜਾਤਾਂ, ਗੋਤਾਂ, ਕੌਮਾਂ, ਮਜ਼੍ਹਬਾਂ ਅਤੇ ਖਿੱਤਿਆਂ ਦੇ ਝਗੜਿਆਂ ਤੋਂ ਉੱਪਰ ਹੁੰਦੈ, ਤੁਹਾਡਾ ਕੋਈ ਵਿਸ਼ੇਸ਼ ਖਿੱਤਾ ਨਹੀਂ, ਸਾਰੀ ਦੁਨੀਆਂ ਹੀ ਤੁਹਾਡੀ ਆਪਣੀ ਹੈ ਤੇ ਕਲਾਕਾਰ ਕੌਮ ਦਾ ਅਤੇ ਦੇਸ਼ ਦਾ ਸਰਮਾਇਆ ਹੁੰਦੇ ਨੇ, ਤੁਸੀਂ ਹਿੰਮਤ ਤਾਂ ਕਰੋ, ਜਾਓ ਤਾਂ ਸਹੀ ਲੋਕਾਂ ਵਿਚ, ਅੱਜ 'ਤਰਕਸ਼ੀਲ ਸੁਸਾਇਟੀ ਪੰਜਾਬ' ਇਕ ਚਾਨਣ ਦੀ ਕਿਰਨ ਹੈ। ਤੁਸੀਂ ਰੰਗਮੰਚ ਅਤੇ ਸੁਸਾਇਟੀ ਦੇ ਜ਼ਰੀਏ ਲੋਕਾਂ ਤੱਕ ਪਹੁੰਚ ਕਰੋ, ਹਿੰਮਤ ਕਰੋ...। ਭਾਅ ਜੀ ਦੇ ਇਨ੍ਹਾਂ ਬੋਲਾਂ ਨਾਲ ਸਾਨੂੰ ਨਵੀਂ ਰੋਸ਼ਨੀ ਮਿਲੀ, ਉਨ੍ਹਾਂ ਵੱਲੋਂ ਦਰਸਾਏ ਮਾਰਗ 'ਤੇ ਤੁਰੇ ਤਾਂ ਲੋਕਾਂ ਅੰਦਰ ਪਹਿਚਾਣ ਬਣੀ, ਲੋਕਾਂ ਵੱਲੋਂ ਇੱਜ਼ਤ ਮਿਲੀ, ਲੋਕਾਂ ਸਾਨੂੰ ਮਾਣ ਤੇ ਸਤਿਕਾਰ ਬਖਸ਼ਿਆ, ਸਾਨੂੰ ਇੰਜ ਲੱਗਣ ਲੱਗਾ ਕਿ ਕੋਈ ਬੇਗਾਨਾ ਨਹੀਂ, ਕੋਈ ਪਰਾਈ ਧਰਤੀ ਨਹੀਂ, ਸਭ ਆਪਣੇ ਹੀ ਨੇ, ਸਭ ਪਿੰਡ, ਸ਼ਹਿਰ ਅਤੇ ਪੂਰੀ ਦੁਨੀਆਂ ਆਪਣੀ ਹੀ ਲੱਗਣ ਲੱਗੀ। ਭਾਅ ਜੀ ਦੇ ਇਨ੍ਹਾਂ ਬੋਲਾਂ ਦੀ ਰੋਸ਼ਨੀ ਸਾਡੇ ਮੱਥੇ ਵਿਚ ਜਗਦੀ ਅੱਜ ਵੀ ਸਾਡਾ ਰਾਹ ਰੁਸ਼ਨਾ ਰਹੀ ਹੈ।